# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ

ਦਫਤਰ: ਮੁੱਖ ਇੰਜੀਨੀਅਰ/ ਵਣਜ਼,ਪਟਿਆਲਾ

( ਵਿਕਰੀ ਭਾਗ-1)

ਵੱਲ

ਵੱਣਜ਼ ਗਸਤੀ ਪੱਤਰ ਨੰ: **29/2011**

| | | |
|---|---|---|
| 1) | ਸਾਰੇ ਇੰਜੀਨੀਅਰ-ਇੰਨ-ਚੀਫ / ਮੁੱਖ ਇੰਜੀਨੀਅਰਜ਼ | 2 ਕਾਪੀਆਂ |
| 2) | ਸਾਰੇ ਉਪ ਮੁੱਖ ਇੰਜੀ/ ਨਿਗ:ਇੰਜ: / ਵਧੀਕ ਨਿਗ: ਇੰਜੀ:/ਸੀ:ਕਾ:ਕਾ:ਇੰਜੀ:/ਸਹਾਇਕ ਕਾ:ਕਾ:ਇੰਜੀ:/ ਸਹਾਇਕ ਇੰਜੀਨਅਰਜ਼ / ਵੰਡ | 1 ਕਾਪੀ |
| 3) | ਸਾਰੇ ਉਪ ਮੁੱਖ ਇੰਜੀ/ ਨਿਗ:ਇੰਜ: / / ਵਧੀਕ ਨਿਗ: ਇੰਜੀ:/ਸੀ:ਕਾ:ਕਾ:ਇੰਜੀ:/ਸਹਾਇਕ ਕਾ:ਕਾ:ਇੰਜੀ:/ ਸਹਾਇਕ ਇੰਜੀਨਅਰਜ਼ | 1 ਕਾਪੀ |
| 4) | ਸਾਰੇ ਉਪ ਮੁੱਖ ਇੰਜੀ/ ਨਿਗ:ਇੰਜ: / ਵਧੀਕ ਨਿਗ:ਇੰਜੀ:/ਸੀ:ਕਾ:ਕਾ:ਇੰਜੀ: ਟੈਕਨੀਕਲ ਆਡਿਟ ਅਤੇ ਇਨਫੋਰਸਮੈਂਟ । | 1 ਕਾਪੀ |
| 5) | ਸਾਰੇ ਵਧੀਕ ਸਹਾਇਕ ਇੰਜੀ:/ਵੰਡ, ਇੰਜੀ: ਸਬ-ਆਫਿਸਜ਼ | 1 ਕਾਪੀ |
| 6) | ਮੁੱਖ ਲੇਖਾ ਅਫਸਰ, ਪੰ:ਰਾਜ ਪਾਵਰ ਕਾਰਪੋਰੇਸ਼ਨ ਲਿਮ:,ਪਟਿਆਲਾ | 1 ਕਾਪੀ |
| 7) | ਮੁੱਖ ਲੇਖਾ ਅਫਸਰ/ਮਾਲ, ਪੰ:ਰਾਜ ਪਾਵਰ ਕਾਰਪੋਰੇਸ਼ਨ ਲਿਮ:,ਪਟਿਆਲਾ | 1 ਕਾਪੀ |
| 8) | ਆਰ.ਏ.ਓ., ਪੰ:ਰਾਜ ਪਾਵਰ ਕਾਰਪੋਰੇਸ਼ਨ ਲਿਮ:,ਪਟਿਆਲਾ | 1 ਕਾਪੀ |
| | President State Dispute Redressal Commission (Pb) SCO No.3009-3010,Sector-22,Chandigarh. | 3 Copies |

ਮੀਮੋ ਨੰ:15927/16727/ ਐਸਐਸਐਮ-414/ਟਿਊਬਵੈਲ ਪਾਲਿਸੀ / ਲੂਜ਼

ਮਿਤੀ 12-07-2011

## ਵਿਸ਼ਾ: ਹਰੀਜਨ ਫਾਰਮਰਜ਼ ਕੁਅਪਰੇਟੀਵ ਸੁਸਾਇਟੀ ਦੀ ਜਮੀਨ ਦੀ ਸਿੰਚਾਈ ਲਈ ਟਿਊਬਵੈਲ ਕੁਨੈਕਸ਼ਨ ਪਹਿਲ ਦੇ ਆਧਾਰ ਤੇ ਜਾਰੀ ਕਰਨ ਲਈ ।

ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੇ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਪਬਲਿਕ ਵੱਲੋਂ ਉਠਾਈ ਗਈ ਮੰਗ ਦੇ ਆਧਾਰ ਤੇ ਉਨ੍ਹਾਂ ਵੱਲੋਂ ਚਾਹਿਆ ਹੈ ਕਿ ਹਰੀਜਨ ਫਾਰਮਰਜ਼ ਕੁਅਪਰੇਟੀਵ ਸੁਸਾਇਟੀ ਦੀ ਜਮੀਨ ਦੀ ਸਿੰਚਾਈ ਲਈ ਪਹਿਲ ਦੇ ਆਧਾਰ ਤੇ ਟਿਊਬਵੈੱਲ ਕੁਨੈਕਸ਼ਨ ਜਾਰੀ ਕੀਤੇ ਜਾਣ , ਜਿਸ ਦੇ ਮੱਦੇ-ਨਜ਼ਰ ਹਰੀਜਨ ਫਾਰਮਰਜ਼ ਕੁਅਪਰੇਟੀਵ ਸੁਸਾਇਟੀ ਦੀ ਜਮੀਨ ਦੀ ਸਿੰਚਾਈ ਲਈ ਪਹਿਲ ਦੇ ਆਧਾਰ ਤੇ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਸੰਬੰਧੀ ਮਾਮਲਾ ਵਿਚਾਰਿਆ ਗਿਆ ਅਤੇ ਹੇਠ ਲਿਖੀਆਂ ਸ਼ਰਤਾਂ ਤੇ ਟਿਊਬਵੈੱਲ ਕੁਨੈਕਸ਼ਨ ਦੇਣ ਦਾ ਫੈਸਲਾ ਕੀਤਾ ਗਿਆ:-

1) ਇਹ ਪਹਿਲਤਾ ਟਿਊਬਵੈਲ ਕੁਨੈਕਸ਼ਨ ਹਰੀਜ਼ਨ ਫਾਰਮਰਜ਼ ਵੱਲੋਂ ਕੁਆਪਰੇਟੀਵ ਸੁਸਾਇਟੀ ਬਣਾ ਕੇ ਸੁਸਾਇਟੀ ਦੀ ਜਮੀਨ ਦੀ ਸਿੰਚਾਈ ਲਈ ਪਹਿਲਤਾ ਦੇ ਆਧਾਰ ਤੇ ਜਾਰੀ ਕੀਤੇ ਜਾਣਗੇ। ਹਰੀਜ਼ਨ ਫਾਰਮਰਜ਼ ਵੱਲੋਂ ਕੁਆਪਰੇਟੀਵ ਸੁਸਾਇਟੀ ਬਣਾ ਕੇ ਬਿਨੈਕਾਰ ( Secretary of the Society) ਵੱਲੋਂ ਕੁਨੈਕਸ਼ਨ ਲੈਣ ਲਈ ਬਿਨੈ ਪੱਤਰ ਦੇਣ ਸਮੇਂ ਸੁਸਾਇਟੀ ਦੀ ਰਜਿਸਟਰੇਸ਼ਨ ਦੇ ਸਬੂਤ ( ਜਿਸ ਵਿਚ ਇਸ ਦੇ ਮੈਂਬਰ ਹਰੀਜਨ ਕਿਸਾਨਾਂ ਦੀ ਗਿਣਤੀ ਅਤੇ ਉਹਨਾਂ ਦੀ Land holding ਆਦਿ ਸਬੰਧੀ ਡਿਟੇਲ) ਏ. ਅਤੇ ਏ. ਫਾਰਮ ਦਾਖਲ ਕਰਨ ਸਮੇਂ ਪੇਸ਼ ਕਰੇਗਾ।

2) ਇਸ ਪਹਿਲਤਾ ਅਧੀਨ ਸੁਸਾਇਟੀ ਵੱਲੋਂ ਟਿਊਬਵੈੱਲ ਕੁਨੈਕਸ਼ਨ ਪ੍ਰਾਪਤ ਕਰਨ ਲਈ ਇਲੈਕਟ੍ਰੀਸਿਟੀ ਸਪਲਾਈ ਕੋਡ ਐਂਡ ਰਿਲੇਟਿਡ ਮੈਟਰਜ਼ ਰੈਗੂਲੇਸ਼ਨ-2007 ਦੇ ਰੈਗੂਲੇਸ਼ਨ 9.1.1 (v) ਵਿਚ ਕੀਤੇ ਪ੍ਰਾਵਧਾਨ ਅਨੁਸਾਰ ਮੌਜੂਦਾ ਲਾਗੂ ਸਰਵਿਸ ਕੁਨੈਕਸ਼ਨ ਚਾਰਜਿਜ਼ " 3600 ਰੁ: ਪ੍ਰਤੀ BHP ਜਾਂ the actual expenditure (comprising of extending high voltage line, step down Sub-Station and cost of service lines) incurred in providing the connection/load whichever is higher, ਚਾਰਜ ਕੀਤੇ ਜਾਣਗੇ।

3) ਇਹ ਪਹਿਲਤਾ ਕੁਨੈਕਸ਼ਨ ਜਾਰੀ ਕਰਨ ਤੱਕ ਲਈ ਹੋਵੇਗੀ।

4) ਇਹ ਟਿਊਬਵੈਲ ਕੁਨੈਕਸ਼ਨ ਹਰੀਜ਼ਨ ਫਾਰਮਰਜ਼ ਕੁਆਪਰੇਟੀਵ ਸੁਸਾਇਟੀ ਦੇ ਸਕੱਤਰ ਦੇ ਨਾਂ ਤੇ ਜਾਰੀ ਕੀਤਾ ਜਾਵੇਗਾ ਅਤੇ ਰਜਿਸਟਰਾਰ ਆਫ ਸੁਸਾਇਟਿਜ਼ ਵੱਲੋਂ Recognized/Registered ਇਸ ਸੁਸਾਇਟੀ ਦਾ ਸਕੱਤਰ ਹੀ ਪੀ.ਐਸ.ਪੀ.ਸੀ.ਐਲ. ਨਾਲ ਐਗਰੀਮੈਂਟ ਕਰਕੇ ਸਾਰੇ ਚਾਰਜਿਜ / liabilities ਅਦਾ ਕਰਨ ਲਈ ਜਿੰਮੇਵਾਰ ਹੋਵੇਗਾ।

5) ਇਹ ਟਿਊਬਵੈਲ ਕੁਨੈਕਸ਼ਨ ਸੁਸਾਇਟੀ ਦੇ ਸਕੱਤਰ ਦੇ ਨਾਂ ਤੇ ਹਰੀਜ਼ਨ ਕਿਸ਼ਾਨਾਂ ਦੇ ਗਰੁੱਪ ਦੀ ਮਾਲਕੀ ਵਾਲੀ ਰਜਿਸਟ੍ਰਡ ਸੁਸਾਇਟੀ ਦੀ ਜਮੀਨ ਵਿਚ ਹੀ ਜਾਰੀ ਕੀਤਾ ਜਾਵੇਗਾ ਅਤੇ ਭਵਿੱਖ ਵਿਚ ਇਸ ਨੂੰ ਕਿਸੇ ਵੀ ਦੂਸਰੀ ਜਗ੍ਹਾ ਸਿਫਟ ਨਹੀਂ ਕੀਤਾ ਜਾਵੇਗਾ ਅਤੇ ਨਾਮ ਬਦਲੀ ਵੀ ਨਹੀਂ ਕੀਤਾ ਜਾਵੇਗਾ।

6) ਇਹ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਲਈ ਹਰੀਜ਼ਨ ਫਾਰਮਰਜ਼ ਕੁਆਪਰੇਟੀਵ ਸੁਸਾਇਟੀ ਦੇ ਨਾਮ ਘੱਟੋ ਘੱਟ ਇੱਕ ਏਕੜ ਜਮੀਨ ਦੀ ਮਾਲਕੀ ਦੀ ਸ਼ਰਤ ਹੋਵੇਗੀ ਅਤੇ ਇਸ ਦੇ ਸਬੂਤ ਵਜੋਂ ਏ.ਐਂਡ ਏ.ਫਾਰਮ ਦੇ ਨਾਲ ਸੁਸਾਇਟੀ ਦਾ ਸਕੱਤਰ ਜਮੀਨ ਦੀ ਫਰਦ ਜਮ੍ਹਾਂਬੰਦੀ ਵੀ ਪੇਸ਼ ਕਰੇਗਾ।

7) ਇਹ ਪਹਿਲਤਾ ਲਈ ਬਿਨੈ-ਪੱਤਰ ਕਰਨ ਸਮੇਂ ਹਰੀਜ਼ਨ ਫਾਰਮਰਜ਼ ਕੁਆਪਰੇਟੀਵ ਸੁਸਾਇਟੀ ਦਾ ਸਕੱਤਰ ਇੱਕ ਅੰਡਰਟੇਕਿੰਗ ਦੇਵੇਗਾ ਕਿ ਉਹ ਇਹ ਪਹਿਲਤਾ ਦੀ ਕਿਸੇ ਵੀ ਤਰ੍ਹਾਂ ਦੀ ਦੁਰਵਰਤੋਂ ਨਹੀਂ ਕਰਨਗੇ। ਇਸ ਕੁਨੈਕਸ਼ਨ ਦੀ ਦਰਵਰਤੋਂ ਪਾਏ ਜਾਣ ਜਾਂ ਇਸ ਦੇ ਹਿੱਸੇਦਾਰਾਂ ਵਿਚ ਕਿਸੇ ਤਰ੍ਹਾਂ ਦੀ Litigation ਹੋਣ ਦੀ ਸੂਰਤ ਵਿਚ PSPCL ਨੂੰ ਬਿਨਾ ਕਿਸੇ ਨੋਟਿਸ ਦੇ ਇਹ ਕੁਨੈਕਸ਼ਨ ਕੱਟਣ ਦੇ ਅਧਿਕਾਰ ਹੋਣਗੇ।

8) ਸੁਸਾਇਟੀ ਦੇ ਸਕੱਤਰ ਵੱਲੋਂ ਸਾਰੇ ਪੇਸ਼ ਕੀਤੇ ਦਸਤਾਵੇਜ਼ਾਂ ਦੇ ਆਧਾਰ ਤੇ ਕੇਸ Genuine ਪਾਏ ਜਾਣ ਦੀ ਸ਼ਰਤ ਤੇ ਇਹ ਪਹਿਲਤਾ ਮਨਜੂਰ ਕਰਨ ਲਈ ਏਰੀਏ ਦੇ ਸੰਬੰਧਿਤ ਵਧੀਕ ਨਿਗ:ਇੰਜ:/ਸੀਨੀ:ਕਾ:ਕਾ:ਇੰਜ: (ਵੰਡ),ਇਹ ਪਹਿਲਤਾ ਅਲਾਓ ਕਰਨ ਲਈ ਅਧਿਕਾਰਤ ਹੋਣਗੇ।

9) ਇਸ ਪਹਿਲਤਾ ਅਧੀਨ ਟਿਊਬਵੈੱਲ ਕੁਨੈਕਸ਼ਨ, ਸੇਮ ਏਰੀਆ ਪਹਿਲਤਾ, ਡਰਿੱਪ/ਮਾਈਕਰੋ ਸਪਰਿੰਕਲਰ ਸਿਸਟਮ ਪਹਿਲਤਾ, ਗ੍ਰਾਮ ਪੰਚਾਇਤ/ਧਾਰਮਿਕ ਸੰਸਥਾਨਾ (ਗਊਸ਼ਾਲਾ ਪਹਿਲਤਾ) ਦੀ ਤਰ੍ਹਾਂ ਬਿਨਾ ਕਿਸੇ ਕੱਟ-ਆਫ ਡੇਟ ਦੇ ਆਧਾਰ ਤੇ ਜਾਰੀ ਕੀਤੇ ਜਾਣਗੇ।

ਉਪਰੋਕਤ ਹਦਾਇਤਾਂ ਦੀ ਫੀਲਡ ਦਫਤਰਾਂ ਵੱਲੋਂ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

12/7/11

ਉਪ ਮੁੱਖ ਇੰਜੀਨੀਅਰ/ ਵਿਕਰੀ-1
ਵਾ: ਮੁੱਖ ਇੰਜੀਨੀਅਰ/ ਵਣਜ,
ਪੰ:ਰਾ:ਪਾ:ਕਾ:ਲਿਮ; ਪਟਿਆਲਾ।

ਪਿਠ ਅੰਕਣ ਨੰ:16728/16733/ ਐਸਐਸਐਮ-414/ਟਿਊਬਵੈਲ ਪਾਲਿਸੀ ਮਿਤੀ :12-07-2011

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੈਅਰਮੈਨ-ਕਮ ਮੈਨੇਜਿੰਗ ਡਾਇਰੈਕਟਰ (PSPCL), ਸਾਰੇ ਨਿਰਦੇਸ਼ਕ (PSPCL), ਪਟਿਆਲਾ

2) ਪ੍ਰਮੁੱਖ ਸਕੱਤਰ/ ਪੰਜਾਬ ਸਰਕਾਰ ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ ।

3) ਸਕੱਤਰ / ਸਿੰਚਾਈ ਅਤੇ ਬਿਜਲੀ ਵਿਭਾਗ, ਪੰਜਾਬ ਸਰਕਾਰ,ਚੰਡੀਗੜ ।

4) ਸਕੱਤਰ, ਪੰਜਾਬ ਸਰਕਾਰ / ਇੰਡ: ਅਤੇ ਕਾਮਰਸ਼, ਪੰਜਾਬ ਸਰਕਾਰ, ਚੰਡੀਗੜ ।

5) ਵਿੱਤ ਕਮਿਸ਼ਨਰ/ ਫਾਇਨਾਂਸ਼ ਟੂ ਗੌਰਮਿੰਟ ਪੰਜਾਬ ਐਕਸ-ਆਫੀਸੋ ਮੈਂਬਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਚੰਡੀਗੜ ।

6)ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡੀਸਟਰੀਜ਼, ਪੰਜਾਬ ਸੈਕਟਰ 17,ਚੰਡੀਗੜ ।

ਵਧੀਕ ਨਿਗ:ਇੰਜ:/ਵਿਕਰੀ-2,
ਵਾ: ਪ੍ਰਮੁੱਖ ਇੰਜੀਨੀਅਰ/ਵੱਣਜ਼,
ਪੰ:ਰਾ:ਪਾ:ਕਾ:ਲਿ:,ਪਟਿਆਲਾ।

ਪਿਠ ਅੰਕਣ ਨੰ:16734/ਐਸਐਸਐਮ-414/ਟਿਊਬਵੈਲ ਪਾਲਿਸ ਮਿਤੀ : 12-07-2011

ਉਪਰੋਕਤ ਦਾ ਉਤਾਰਾ ਸਕੱਤਰ/ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਐਸ.ਸੀ.ਓ. ਨੰ: 220-221, ਸੈਕਟਰ 34-ਏ ਚੰਡੀਗੜ, ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ-2,
ਵਾ: ਪ੍ਰਮੁੱਖ ਇੰਜੀਨੀਅਰ/ਵੱਣਜ਼,
ਪੰ:ਰਾ:ਪਾ:ਕਾ:ਲਿ:,ਪਟਿਆਲਾ।

ਪਿਠ ਅੰਕਣ ਨੰ:16735/ਐਸਐਸਐਮ-414/ਟਿਊਬਵੈਲ ਪਾਲਿਸੀ ਮਿਤੀ :12-07-2011

ਉਪਰੋਕਤ ਦਾ ਉਤਾਰਾ ਨਿੱਜੀ ਸਕੱਤਰ ਟੂ ਬਿਜਲੀ ਮੰਤਰੀ, ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ-2,
ਵਾ: ਪ੍ਰਮੁੱਖ ਇੰਜੀਨੀਅਰ/ਵੱਣਜ਼,
ਪੰ:ਰਾ:ਪਾ:ਕਾ:ਲਿ: ਪਟਿਆਲਾ।

ਪਿਠ ਅੰਕਣ ਨੰ:16736/ ਐਸਐਸਐਮ-414/ਟਿਊਬਵੈਲ ਪਾਲਿਸੀ ਮਿਤੀ :12-07-2011

ਉਪਰੋਕਤ ਦਾ ਉਤਾਰਾ ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ-2,
ਵਾ: ਪ੍ਰਮੁੱਖ ਇੰਜੀਨੀਅਰ/ਵੱਣਜ਼,
ਪੰ:ਰਾ:ਪਾ:ਕਾ:ਲਿ:ਪਟਿਆਲਾ।

ਪਿਠ ਅੰਕਣ ਨੰ: 16737/ਐਸਐਸਐਮ-414/ਟਿਊਬਵੈਲ ਪਾਲਿਸੀ ਮਿਤੀ :12-07-2011

ਉਪਰੋਕਤ ਦਾ ਉਤਾਰਾ Ombudsman, Electricity Punjab, SCO No. 248, Sector 19-A, Chandigarh, ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ-2,
ਵਾ: ਪ੍ਰਮੁੱਖ ਇੰਜੀਨੀਅਰ/ਵੱਣਜ਼,
ਪੰ:ਰਾ:ਪਾ:ਕਾ:ਲਿਮ;ਪਟਿਆਲਾ।

ਪਿਠ ਅੰਕਣ ਨੰ:16738/16838/ਐਸਐਸਐਮ-414/ਟਿਊਬਵੈਲ ਪਾਲਿਸੀ ਮਿਤੀ :12-07-2011

ਉਪਰੋਕਤ ਦਾ ਉਤਾਰਾ ਨੱਥੀ ਲਿਸਟ ਅਨੁਸਾਰ ਰੂਟੀਨ ਭਾਗ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਪਟਿਆਲਾ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ-2,
ਵਾ: ਪ੍ਰਮੁੱਖ ਇੰਜੀਨੀਅਰ/ਵੱਣਜ਼,
ਪੰ:ਰਾ:ਪਾ:ਕਾ:ਲਿ:ਪਟਿਆਲਾ।